ਸਾਹਿਤਕ ਕਵੀ, ਕਹਾਣੀਕਾਰ,
ਲੇਖਕ ਅਤੇ
ਗੀਤ ਸੰਗੀਤ ਵਿੱਚ ਰੁਚੀ
ਰੱਖਣ ਵਾਲਿਆਂ ਲਈ
ਫੋਟੋ ਅਤੇ ਆਪਣੀ ਨਿੱਜੀ
ਰਚਨਾ ਭੇਜਣ ਲਈ
Whatsapp No
416 700 9100
vishavpunjabisanjh@gmail.com

ਰੋਜ਼ਾਨਾ
# ਵਿਸ਼ਵ ਪੰਜਾਬੀ ਸਾਂਝ

ਮਿਤੀ 12 ਜਨਵਰੀ ਐਤਵਾਰ 2025

ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਟਾਂਰੀਓ



ਮੁੱਖ ਸੰਪਾਦਕ
ਡਾ.ਦਲਬੀਰ ਸਿੰਘ ਕਥੂਰੀਆ

Dalbir Singh Kathuria, CEO
BRAMPTON CASH & CARRY
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS

# ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ "ਸੰਤ ਸਿੰਘ ਸੇਖੋਂ ਸਾਹਿਤਕ ਪੁਰਸਕਾਰ" ਨਾਲ ਸਨਮਾਨਿਤ



ਲੁਧਿਆਣਾ 12 ਜਨਵਰੀ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) - ਮਾਲਵਾ ਸੱਭਿਆਚਾਰਕ ਮੰਚ ਪੰਜਾਬ ਵੱਲੋਂ ਗੁਰੂ ਨਾਨਕ ਦੇਵ ਭਵਨ ਵਿਖੇ ਅਯੋਜਿਤ 29 ਵਾਂ ਧੀਆਂ ਦਾ ਲੋਹੜੀ ਮੇਲਾ ਪ੍ਰੋਗਰਾਮ ਅਤੇ ਸਨਮਾਨਿਤ ਸਮਾਗਮ ਦੌਰਾਨ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਸੇਵਾ ਕਰਨ ਅਤੇ ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਅਤੇ ਪ੍ਰਸਾਰ ਦੇ ਯਤਨ ਕਰਨ ਲਈ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਨੂੰ "ਸੰਤ ਸਿੰਘ ਸੇਖੋਂ ਸਾਹਿਤਕ ਪੁਰਸਕਾਰ" ਨਾਲ ਸਨਮਾਨਿਤ ਕੀਤਾ ਗਿਆ। ਇਸ ਦੇ ਇਲਾਵਾ 11 ਨਵ ਜੰਮੀਆਂ ਬੱਚੀਆਂ ਨੂੰ ਵੀ ਖਾਸ ਤੌਰ ਤੇ ਸ਼ਗਨ ਦਿੱਤਾ ਗਿਆ।

ਚੇਅਰਮੈਨ ਕ੍ਰਿਸ਼ਨ ਕੁਮਾਰ ਬਾਵਾ ਦੀ ਅਗਵਾਈ ਹੇਠ ਆਯੋਜਿਤ ਇਸ ਪ੍ਰੋਗਰਾਮ ਦੌਰਾਨ ਪੰਜਾਬੀ ਲੋਕ ਗਾਇਕ ਜਸਵੰਤ ਸੰਦੀਲਾ ਅਤੇ ਪੰਜਾਬੀ ਕਲਾਕਾਰ ਮਲਕੀਤ ਰੌਣੀ ਵੱਲੋਂ ਵੀ ਰੰਗ ਬੰਨਿਆ ਗਿਆ। ਇਸੇ ਤਰ੍ਹਾਂ ਸਰਬਜੀਤ ਮਾਂਗਟ ਵੱਲੋਂ ਪੰਜਾਬੀ ਬੋਲੀਆਂ ਦੀ ਪੇਸ਼ਕਾਰੀ ਕੀਤੀ ਗਈ ਉੱਥੇ ਹੀ ਉਹਨਾਂ ਦੀ ਗਿੱਧਾ ਟੀਮ ਵੱਲੋਂ ਗਿੱਧਾ ਪਾ ਕੇ ਇਸ ਸਮਾਗਮ ਨੂੰ ਚਾਰ ਚੰਨ ਲਗਾਏ ਗਏ। ਆਪਣੇ ਸੰਬੋਧਨ ਵਿੱਚ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆਂ ਨੇ ਪੰਜਾਬੀਆਂ ਨੂੰ ਪੰਜਾਬੀ ਮਾਂ ਬੋਲੀ ਨੂੰ ਵਿਸਾਰਨ ਦੀ ਜਗਹਾ ਤੇ ਆਪਣੇ ਬੱਚਿਆਂ ਨੂੰ ਪੰਜਾਬੀ ਬੋਲੀ ਨਾਲ ਜੋੜੇ ਰੱਖਣ ਲਈ ਪ੍ਰੇਰਿਤ ਕੀਤਾ। ਉਨਾਂ ਦੱਸਿਆ ਕਿ ਉਹਨਾਂ ਵੱਲੋਂ ਹੁਣ ਤੱਕ ਦੇਸ਼ ਤੇ ਵਿਦੇਸ਼ ਵਿੱਚ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਕਈ ਵਿਸ਼ਵ ਪੰਜਾਬੀ ਕਾਨਫਰੰਸਾਂ ਦਾ ਆਯੋਜਨ ਕੀਤਾ ਜਾ ਚੁੱਕਿਆ ਹੈ ਜਦਕਿ ਇਸ ਵਾਰ ਪਾਕਿਸਤਾਨ ਦੇ ਰਹੀਮ ਯਾਰ ਖਾਂ ਵਿਖੇ 20 ਜਨਵਰੀ ਤੋਂ 26 ਜਨਵਰੀ ਤੱਕ ਵਿਸ਼ਵ ਪੰਜਾਬੀ ਕਾਨਫਰੰਸ ਦਾ ਆਯੋਜਨ ਕੀਤਾ ਜਾ ਰਿਹਾ। ਇਸ ਕਾਨਫਰੰਸ ਲਈ ਉਹਨਾਂ ਨੇ ਪੰਜਾਬੀਆਂ ਨੂੰ ਖੁੱਲਾ ਸੱਦਾ ਦਿੱਤਾ।

ਉਹਨਾਂ ਦੱਸਿਆ ਕਿ ਪਿਛਲੇ ਸਾਲ ਪਾਕਿਸਤਾਨ ਦੇ ਲਹਿੰਦੇ ਪੰਜਾਬ ਦੀ ਮੁੱਖ ਮੰਤਰੀ ਮਰਿਅਮ ਨਵਾਜ ਸ਼ਰੀਫ ਨੂੰ ਪਾਕਿਸਤਾਨ ਵਿੱਚ ਰਹਿੰਦੇ ਪੰਜਾਬੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬੀ ਮਾਂ ਬੋਲੀ ਨੂੰ ਸਕੂਲਾਂ ਵਿੱਚ ਲਾਗੂ ਕੀਤੇ ਜਾਣ ਦੀ ਮੰਗ ਰੱਖੀ ਸੀ। ਉਹਨਾਂ ਦੀ ਇਸ ਮੰਗ ਤੋਂ ਬਾਅਦ ਪਾਕਿਸਤਾਨ ਦੇ ਲਹਿੰਦੇ ਪੰਜਾਬ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਪੰਜਾਬੀ ਮਾਂ ਬੋਲੀ ਨੂੰ ਲਾਜ਼ਮੀ ਕਰ ਦਿੱਤਾ ਗਿਆ। ਇਸ ਮੌਕੇ ਤੇ ਮਾਲਵਾ ਸੱਭਿਆਚਾਰਕ ਮੰਚ ਦੇ ਸਰਪ੍ਰਸਤ ਮਲਕੀਤ ਸਿੰਘ ਦਾਖਾ ਤੋਂ ਇਲਾਵਾ ਬਾਕੀ ਮੈਂਬਰ ਵੀ ਮੌਜੂਦ ਸਨ







# ਡੋਨਾਲਡ ਟਰੰਪ ਦੇ ਸਹੁੰ ਚੁੱਕ ਸਮਾਗਮ 'ਚ ਭਾਰਤ ਨੂੰ ਵੀ ਸੱਦਾ, ਵਿਦੇਸ਼ ਮੰਤਰੀ ਜੈਸ਼ੰਕਰ ਹੋਣਗੇ ਸ਼ਾਮਲ

ਨਵੀਂ ਦਿੱਲੀ, 12 ਜਨਵਰੀ (ਜਸਵਿੰਦਰ ਸਿੰਘ ਬਿੱਟਾ)-ਟਰੰਪ ਦੇ ਸਹੁੰ ਚੁੱਕ ਸਮਾਗਮ ਵਿੱਚ ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਪ ਰਾਸ਼ਟਰਪਤੀ ਜੇਡੀ ਵੈਨਸ ਦੇ ਸਹੁੰ ਚੁੱਕ ਸਮਾਗਮ ਵਿੱਚ ਭਾਰਤ ਨੂੰ ਵੀ ਸੱਦਾ ਦਿੱਤਾ ਗਿਆ ਹੈ। ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਸੱਦੇ 'ਤੇ ਅਮਰੀਕਾ ਜਾਣਗੇ।

### ਜੈਸ਼ੰਕਰ ਭਾਰਤ ਸਰਕਾਰ ਦੀ ਨੁਮਾਇੰਦਗੀ ਕਰਨਗੇ

ਜੈਸ਼ੰਕਰ 47ਵੇਂ ਰਾਸ਼ਟਰਪਤੀ ਵਜੋਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਹੁੰ ਚੁੱਕ ਸਮਾਗਮ ਵਿੱਚ ਭਾਰਤ ਸਰਕਾਰ ਦੀ ਪ੍ਰਤੀਨਿਧਤਾ ਕਰਨਗੇ। ਦੌਰੇ ਦੌਰਾਨ ਵਿਦੇਸ਼ ਮੰਤਰੀ ਅਮਰੀਕਾ ਦੌਰੇ 'ਤੇ ਆਏ ਕੁਝ ਹੋਰ ਪਤਵੰਤਿਆਂ ਨਾਲ ਵੀ ਮੁਲਾਕਾਤ ਕਰਨਗੇ।

### ਜੈਸ਼ੰਕਰ ਟਰੰਪ ਸਰਕਾਰ ਦੇ ਪ੍ਰਤੀਨਿਧੀਆਂ ਨਾਲ ਬੈਠਕ ਕਰਨਗੇ

ਵਿਦੇਸ਼ ਮੰਤਰੀ ਐਸ ਜੈਸ਼ੰਕਰ 20 ਜਨਵਰੀ ਨੂੰ ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਹੁੰ ਚੁੱਕ ਸਮਾਗਮ



ਵਿੱਚ ਭਾਰਤ ਦੀ ਨੁਮਾਇੰਦਗੀ ਕਰਨਗੇ। ਵਿਦੇਸ਼ ਮੰਤਰਾਲੇ (MEA) ਨੇ ਐਤਵਾਰ ਨੂੰ ਕਿਹਾ ਕਿ ਵਾਸ਼ਿੰਗਟਨ ਦੀ ਆਪਣੀ ਯਾਤਰਾ ਦੌਰਾਨ ਜੈਸ਼ੰਕਰ ਟਰੰਪ ਪ੍ਰਸ਼ਾਸਨ ਦੇ ਪ੍ਰਤੀਨਿਧੀਆਂ ਨਾਲ ਵੀ ਮੁਲਾਕਾਤ ਕਰਨਗੇ।

### ਟਰੰਪ ਦੀ ਜਿੱਤ 'ਤੇ ਜੈਸ਼ੰਕਰ ਦਾ ਬਿਆਨ ਆਇਆ

ਐੱਸ. ਜੈਸ਼ੰਕਰ ਨੇ ਅਮਰੀਕੀ ਰਾਸ਼ਟਰਪਤੀ ਚੋਣਾਂ 'ਚ ਡੋਨਾਲਡ ਟਰੰਪ ਦੀ ਜਿੱਤ 'ਤੇ ਇਕ ਖਾਸ ਬਿਆਨ ਦਿੱਤਾ ਸੀ, ਜਿਸ ਦੀ ਕਾਫੀ ਚਰਚਾ ਹੋਈ ਸੀ। ਦਰਅਸਲ ਜੈਸ਼ੰਕਰ ਨੇ ਕਿਹਾ ਸੀ ਕਿ ਰਾਸ਼ਟਰਪਤੀ ਚੋਣਾਂ ਤੋਂ ਬਾਅਦ ਕਈ ਦੇਸ਼ ਅਮਰੀਕਾ ਤੋਂ ਘਬਰਾਏ ਹੋਏ ਹਨ ਪਰ ਭਾਰਤ ਉਨ੍ਹਾਂ ਦੇਸ਼ਾਂ 'ਚ ਸ਼ਾਮਲ ਨਹੀਂ ਹੈ। ਜੈਸ਼ੰਕਰ ਨੇ ਇਕ ਈਵੈਂਟ 'ਚ ਕਿਹਾ, 'ਮੈਨੂੰ ਲੱਗਦਾ ਹੈ ਕਿ ਰਾਸ਼ਟਰਪਤੀ ਟਰੰਪ ਨੂੰ ਕੀਤੀਆਂ ਗਈਆਂ ਪਹਿਲੀਆਂ ਤਿੰਨ ਫੋਨ ਕਾਲਾਂ 'ਚ ਪ੍ਰਧਾਨ ਮੰਤਰੀ ਮੋਦੀ ਵੀ ਸ਼ਾਮਲ ਸਨ।

### ਟਰੰਪ 20 ਜਨਵਰੀ ਨੂੰ ਸਹੁੰ ਚੁੱਕਣਗੇ

ਸਹੁੰ ਚੁੱਕ ਸਮਾਗਮ ਅਮਰੀਕੀ ਰਾਸ਼ਟਰਪਤੀ ਚੋਣ ਵਿੱਚ ਟਰੰਪ ਦੀ ਜਿੱਤ ਦੇ ਕਰੀਬ ਦੋ ਹਫ਼ਤੇ ਬਾਅਦ 20 ਜਨਵਰੀ ਨੂੰ ਹੋਣਾ ਹੈ। ਇਸ ਤੋਂ ਪਹਿਲਾਂ 6 ਜਨਵਰੀ ਨੂੰ, ਟਰੰਪ ਦੀ ਚੋਣ ਜਿੱਤ ਨੂੰ ਉਨ੍ਹਾਂ ਦੇ ਸਹੁੰ ਚੁੱਕਣ ਤੋਂ ਪਹਿਲਾਂ ਪ੍ਰਮਾਣਿਤ ਕੀਤਾ ਗਿਆ ਸੀ, ਕਿਸੇ ਵੀ ਸੰਸਦ ਮੈਂਬਰ ਨੇ ਕੋਈ ਇਤਰਾਜ਼ ਨਹੀਂ ਉਠਾਇਆ ਕਿਉਂਕਿ ਸਦਨ ਵਿੱਚ ਰਾਜਾਂ ਦੀ ਗਿਣਤੀ ਦਾ ਐਲਾਨ ਕੀਤਾ ਗਿਆ ਸੀ। ਡੋਨਾਲਡ ਟਰੰਪ ਨੂੰ 312 ਇਲੈਕਟੋਰਲ ਵੋਟਾਂ ਮਿਲੀਆਂ, ਜਦਕਿ ਕਮਲਾ ਹੈਰਿਸ ਨੂੰ 226 ਵੋਟਾਂ ਮਿਲੀਆਂ।

## ਅਰਵਿੰਦ ਕੇਜਰੀਵਾਲ ਚੋਣ ਨਹੀਂ ਲੜਨਗੇ, ਜੇਕਰ... 'ਆਪ' ਸੁਪਰੀਮੋ ਨੇ ਭਾਜਪਾ ਦੇ ਚਾਣਕਯ ਨੂੰ ਦਿੱਤੀ ਨਵੀਂ ਚੁਣੌਤੀ

ਨਵੀਂ ਦਿੱਲੀ, 12 ਜਨਵਰੀ (ਜਸਵਿੰਦਰ ਸਿੰਘ ਬਿੱਟਾ)-ਆਮ ਆਦਮੀ ਪਾਰਟੀ (AAP) ਦੇ ਮੁਖੀ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਨਵੀਂ ਚੁਣੌਤੀ ਦਿੱਤੀ ਹੈ। ਉਨ੍ਹਾਂ ਨੇ ਐਤਵਾਰ ਨੂੰ ਕਿਹਾ ਕਿ ਜੇਕਰ ਕੇਂਦਰ ਸਰਕਾਰ ਝੁੱਗੀ-ਝੌਂਪੜੀ ਨਾਲ ਸਬੰਧਤ ਸਾਰੇ ਕੇਸ ਵਾਪਸ ਲੈ ਲੈਂਦੀ ਹੈ ਅਤੇ ਅਦਾਲਤ ਵਿੱਚ ਇਹ ਭਰੋਸਾ ਦਿੰਦੀ ਹੈ ਕਿ ਉਜਾੜੇ ਗਏ ਲੋਕਾਂ ਨੂੰ ਉਨ੍ਹਾਂ ਦੀਆਂ ਪੁਰਾਣੀਆਂ ਝੁੱਗੀਆਂ ਵਾਲੀਆਂ ਥਾਵਾਂ 'ਤੇ ਮੁੜ ਵਸਾਇਆ ਜਾਵੇਗਾ, ਤਾਂ ਉਹ ਦਿੱਲੀ ਚੋਣਾਂ ਨਹੀਂ ਲੜਨਗੇ।

ਅਰਵਿੰਦ ਕੇਜਰੀਵਾਲ ਐਤਵਾਰ ਨੂੰ ਸ਼ਕੂਰਪੁਰ ਬਸਤੀ ਸਥਿਤ ਝੁੱਗੀ-ਝੌਂਪੜੀ 'ਚ ਪਹੁੰਚੇ, ਜਿੱਥੇ ਉਨ੍ਹਾਂ ਨੇ ਖੁਦ ਨੂੰ 'ਝੌਂਪੜੀਆਂ ਅਤੇ ਝੁੱਗੀਆਂ ਵਾਲਿਆਂ ਦਾ ਰਖਵਾਲਾ' ਦੱਸਦੇ ਹੋਏ ਭਾਜਪਾ 'ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ ਕਿ ਭਾਜਪਾ ਨੂੰ ਚੋਣਾਂ ਵੇਲੇ ਹੀ ਝੁੱਗੀ-ਝੌਂਪੜੀ ਵਾਲਿਆਂ ਦੀ ਯਾਦ ਆਉਂਦੀ ਹੈ। ਉਨ੍ਹਾਂ ਕਿਹਾ, 'ਜਿਵੇਂ ਜਿਵੇਂ ਚੋਣਾਂ ਨੇੜੇ ਆ ਰਹੀਆਂ ਹਨ, ਭਾਜਪਾ ਦਾ ਝੁੱਗੀ-ਝੌਂਪੜੀ ਵਾਲਿਆਂ ਪ੍ਰਤੀ ਪਿਆਰ ਵਧਦਾ ਜਾ ਰਿਹਾ ਹੈ।'

### ਕੇਜਰੀਵਾਲ ਦਾ BJP 'ਤੇ ਵੱਡਾ ਇਲਜ਼ਾਮ

ਉਨ੍ਹਾਂ ਕਿਹਾ ਕਿ ਮੈਂ ਇਕ ਗੱਲ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਦਿੱਲੀ ਦੇ ਝੁੱਗੀ-ਝੌਂਪੜੀ ਵਾਲੇ ਭਾਜਪਾ ਨੂੰ ਵੋਟ ਦਿੰਦੇ ਹਨ ਤਾਂ ਅਜਿਹਾ ਕਰਨ ਨਾਲ ਤੁਸੀਂ ਲੋਕ ਤੁਹਾਡੀ ਖੁਦਕੁਸ਼ੀ ਦੇ ਦਸਤਖਤ ਕਰ ਰਹੇ ਹੋਵੋਗੇ। ਇਹ ਲੋਕ ਤੁਹਾਨੂੰ ਸਾਰਿਆਂ ਨੂੰ ਮਾਰ ਦੇਣਗੇ। ਇਹ ਲੋਕ ਤੁਹਾਡੀ ਝੁੱਗੀ ਨੂੰ ਢਾਹ ਦੇਣਗੇ। ਇਨ੍ਹਾਂ ਲੋਕਾਂ ਨੇ ਸਾਰੀ ਵਿਉਂਤਬੰਦੀ ਕੀਤੀ ਹੈ। ਪਿਛਲੇ ਦਸ ਸਾਲਾਂ ਵਿੱਚ ਭਾਜਪਾ ਨੇ ਤਿੰਨ ਲੱਖ ਲੋਕਾਂ ਨੂੰ ਬੇਘਰ ਕਰ ਦਿੱਤਾ ਹੈ।

'ਆਪ' ਨੇਤਾ ਨੇ ਕਿਹਾ ਕਿ ਅੱਜ ਮੈਂ ਅਮਿਤ ਸ਼ਾਹ ਨੂੰ ਚੁਣੌਤੀ ਦੇਣ ਜਾ ਰਿਹਾ ਹਾਂ। ਅਮਿਤ ਸ਼ਾਹ ਜੀ ਨੂੰ ਚਾਹੀਦਾ ਹੈ ਕਿ ਉਹ ਪਿਛਲੇ 10 ਸਾਲਾਂ ਵਿੱਚ ਝੁੱਗੀ-ਝੌਂਪੜੀ ਵਾਲਿਆਂ ਦੇ ਸਾਰੇ ਕੇਸ ਅਦਾਲਤ ਵਿੱਚੋਂ ਵਾਪਸ ਲੈਣ। ਅਦਾਲਤ ਵਿੱਚ ਹਲਫ਼ਨਾਮਾ ਦਾਇਰ ਕਰੋ ਕਿ ਜਿਹੜੀਆਂ ਝੁੱਗੀਆਂ ਢਾਹੀਆਂ ਗਈਆਂ ਹਨ, ਉਨ੍ਹਾਂ ਦਾ ਮੁੜ ਵਸੇਬਾ ਕੀਤਾ ਜਾਵੇਗਾ। ਜਿਨ੍ਹਾਂ ਲੋਕਾਂ ਨੂੰ ਤੁਸੀਂ ਉਖਾੜ ਸੁੱਟਿਆ ਸੀ, ਉਨ੍ਹਾਂ ਨੂੰ ਉਸੇ ਧਰਤੀ 'ਤੇ ਵਾਪਸ ਨਾ ਲਿਆਇਆ ਤਾਂ ਕੇਜਰੀਵਾਲ ਚੋਣ ਨਹੀਂ ਲੜੇਗਾ। ਭਾਜਪਾ 'ਤੇ ਨਿਸ਼ਾਨਾ ਸਾਧਦਿਆਂ ਉਨ੍ਹਾਂ ਕਿਹਾ ਕਿ ਇਹ ਅਮੀਰਾਂ ਦੀ ਪਾਰਟੀ ਹੈ। ਇਨ੍ਹਾਂ ਲੋਕਾਂ ਨੇ ਪਿਛਲੇ ਪੰਜ-ਦਸ ਸਾਲਾਂ ਵਿੱਚ ਝੁੱਗੀ-ਝੌਂਪੜੀ ਵਾਲਿਆਂ ਦੀ ਕੋਈ ਪ੍ਰਵਾਹ ਨਹੀਂ ਕੀਤੀ ਪਰ ਹੁਣ ਜਿਵੇਂ-ਜਿਵੇਂ ਚੋਣਾਂ ਨੇੜੇ ਆ ਰਹੀਆਂ ਹਨ, ਇਨ੍ਹਾਂ ਦੇ ਆਗੂ ਝੁੱਗੀਆਂ ਵਿੱਚ ਸੁੱਤੇ ਪਏ ਹਨ। ਇਹ ਲੋਕ ਝੁੱਗੀ-ਝੌਂਪੜੀ ਵਾਲਿਆਂ ਨੂੰ ਕੀੜੇ-ਮਕੌੜੇ ਸਮਝਦੇ ਹਨ।

ਕੇਂਦਰੀ ਮੰਤਰੀ ਅਮਿਤ ਸ਼ਾਹ 'ਤੇ ਨਿਸ਼ਾਨਾ ਸਾਧਦੇ ਹੋਏ ਕੇਜਰੀਵਾਲ ਨੇ ਕਿਹਾ ਕਿ ਹਾਲ ਹੀ 'ਚ ਉਨ੍ਹਾਂ ਨੇ ਦਿੱਲੀ ਦੇ ਕਈ ਇਲਾਕਿਆਂ ਤੋਂ ਝੁੱਗੀ-ਝੌਂਪੜੀ ਵਾਲੇ ਲੋਕਾਂ ਨੂੰ ਬੁਲਾਇਆ ਸੀ, ਜਿੱਥੇ ਉਨ੍ਹਾਂ ਨੇ ਚੋਣਵੇਂ ਰੂਪ 'ਚ ਉਨ੍ਹਾਂ ਨਾਲ ਦੁਰਵਿਵਹਾਰ ਕੀਤਾ ਸੀ। ਕੇਜਰੀਵਾਲ ਨੇ ਕਿਹਾ, 'ਅਮਿਤ ਸ਼ਾਹ ਜੀ ਗ੍ਰਹਿ ਮੰਤਰੀ ਹਨ। ਗ੍ਰਹਿ ਮੰਤਰੀ ਦੀ ਆਪਣੀ ਸ਼ਾਨ ਹੈ। ਪਰ, ਜਿਸ ਤਰ੍ਹਾਂ ਉਨ੍ਹਾਂ ਨੇ ਮੇਰੇ ਲਈ ਸ਼ਬਦਾਂ ਦੀ ਵਰਤੋਂ ਕੀਤੀ, ਉਸ ਤੋਂ ਹਰ ਕੋਈ ਸ਼ਰਮਿੰਦਾ ਹੋਵੇਗਾ, ਪਰ ਮੈਨੂੰ ਅਮਿਤ ਸ਼ਾਹ ਜੀ ਪ੍ਰਤੀ ਕੋਈ ਨਫ਼ਰਤ ਨਹੀਂ ਹੈ।

ਮੈਂ ਇੱਜ਼ਤ ਲਈ ਸਿਆਸਤ ਵਿੱਚ ਨਹੀਂ ਆਇਆ। ਮੈਂ ਦੇਸ਼ ਦੀ ਇੱਜ਼ਤ ਲਈ ਰਾਜਨੀਤੀ ਵਿੱਚ ਆਇਆ ਹਾਂ। ਪਰ ਜਿਸ ਤਰ੍ਹਾਂ ਅਮਿਤ ਸ਼ਾਹ ਜੀ ਨੇ ਝੂਠ ਬੋਲ ਕੇ ਝੁੱਗੀ-ਝੌਂਪੜੀ ਵਾਲਿਆਂ ਨੂੰ ਗੁੰਮਰਾਹ ਕੀਤਾ ਹੈ, ਅੱਜ ਅਸੀਂ ਉਸੇ ਝੂਠ ਦਾ ਪਰਦਾਫਾਸ਼ ਕਰਨ ਆਏ ਹਾਂ।

## ਟਰੂਡੋ ਸਰਕਾਰ ਦੇ ਮੰਤਰੀ ਚੋਣ ਪਿੜ 'ਚੋਂ ਭੱਜਣ ਲੱਗੇ

ਵੈਨਕੂਵਰ,12 ਜਨਵਰੀ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)-ਕੈਨੇਡਾ ਦੀ ਲਿਬਰਲ ਪਾਰਟੀ ਦੇ ਆਗੂ ਜਸਟਿਨ ਟਰੂਡੋ ਦੀ ਸਰਕਾਰ 'ਚ ਕੁਝ ਮੌਜੂਦਾ ਅਤੇ ਸਾਬਕਾ ਮੰਤਰੀਆਂ ਵੱਲੋਂ ਅਗਲੀ ਚੋਣ ਲੜਨ ਤੋਂ ਨਾਂਹ ਇਸ ਗੱਲ ਦਾ ਸੰਕੇਤ ਬਣ ਰਹੀ ਕਿ ਉਨ੍ਹਾਂ ਨੂੰ ਲੋਕਾਂ ਦੇ ਲਿਬਰਲ ਪਾਰਟੀ ਤੋਂ ਉੱਠੇ ਵਿਸ਼ਵਾਸ ਦੀ ਭਿਣਕ ਪੈ ਗਈ ਹੈ।

ਵਿਦੇਸ਼ ਮੰਤਰੀ ਮਿਲੇਨੀ ਜੌਲੀ ਨੇ ਚੋਣਾਂ ਤੋਂ ਪਾਸਾ ਵੱਟਣ ਦਾ ਐਲਾਨ ਕਰ ਕੇ ਸੂਚੀ ਵਿੱਚ ਵਾਧੇ ਦੀ ਸ਼ੁਰੂਆਤ ਕੀਤੀ ਸੀ। ਭਾਰਤ ਦੇ ਕਰਨਾਟਕ ਸੂਬੇ ਤੋਂ ਕੈਨੇਡਾ ਆ ਕੇ ਵੱਸੇ ਮਾਪਿਆਂ ਦੀ ਧੀ ਅਨੀਤਾ ਆਨੰਦ, ਜੋ ਪਹਿਲਾਂ ਰੱਖਿਆ ਮੰਤਰੀ ਸੀ ਤੇ ਹੁਣ ਟਰਾਂਸਪੋਰਟ ਮੰਤਰਾਲਾ ਸੰਭਾਲ ਰਹੀ ਹੈ, ਨੇ ਐਲਾਨ ਕੀਤਾ ਕਿ ਉਹ ਅਗਲੀ ਚੋਣ ਲੜਨ ਦੀ ਥਾਂ ਫਿਰ ਤੋਂ ਆਪਣੇ ਅਧਿਆਪਨ ਖੋਜ ਕਿੱਤੇ ਨਾਲ ਜੁੜਨ ਦੀ ਇੱਛੁਕ ਹੈ। ਕੁਝ ਦਿਨ ਪਹਿਲਾਂ ਤੱਕ ਉਹ ਪਾਰਟੀ ਦਾ ਅਗਲਾ ਆਗੂ ਬਣਨ ਵਾਲੇ ਉਮੀਦਵਾਰਾਂ ਵਿੱਚ ਸ਼ਾਮਲ ਸੀ। ਸਾਬਕਾ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਦੇ ਅਸਤੀਫੇ ਮਗਰੋਂ ਵਿੱਤ ਮੰਤਰੀ ਬਣੇ ਡੌਮਨਿਕ ਲੀਬਲੈਂਕ ਨੇ ਚੋਣ ਨਾ ਲੜਨ ਦੇ ਐਲਾਨ ਦੀ ਪਹਿਲ ਕੀਤੀ ਸੀ। ਅਜਿਹੇ ਸੰਕੇਤ ਹਨ ਕਿ ਅਗਲੇ ਦਿਨਾਂ 'ਚ ਚੋਣ ਪਿੜ ਛੱਡਣ ਵਾਲਿਆਂ ਦੀ ਸੂਚੀ ਹੋਰ ਲੰਮੀ ਹੋ ਸਕਦੀ ਹੈ। ਉੱਧਰ ਟੋਰੀ ਪਾਰਟੀ ਦੀ ਉਮੀਦਵਾਰੀ ਦੇ ਇੱਛੁਕਾਂ ਵਿੱਚ ਮੁਕਾਬਲੇਬਾਜ਼ੀ ਵਧਣ ਲੱਗੀ ਹੈ।

ਕੈਨੇਡਾ ਦੇ 158 ਸਾਲ ਪੁਰਾਣੇ ਸਿਆਸੀ ਇਤਿਹਾਸ ਵਿੱਚ ਪਹਿਲੀ ਵਾਰ ਹੈ ਜਦੋਂ ਸੱਤਾਧਾਰੀ ਪਾਰਟੀ ਨੂੰ ਆਪਣੇ ਨਵੇਂ ਆਗੂ ਦੀ ਚੋਣ ਕਰਨੀ ਪੈ ਰਹੀ ਹੈ। ਜਸਟਿਨ ਟਰੂਡੋ ਨੇ 2013 ਵਿਚ ਪਾਰਟੀ ਪ੍ਰਧਾਨ ਬਣ ਕੇ ਦੇਸ਼ ਦੇ ਨੌਜਵਾਨਾਂ ਦੇ ਮਨਾਂ 'ਚ ਭਵਿੱਖ ਦੇ ਸੁਪਨੇ ਸੰਜੋਏ ਤੇ ਅਕਤੂਬਰ 2015 'ਚ ਹੋਈਆਂ ਸੰਸਦੀ ਚੋਣਾਂ ਵਿੱਚ ਬਹੁਮੱਤ ਹਾਸਲ ਕਰਕੇ ਕੰਜ਼ਰਵੇਟਿਵ ਪਾਰਟੀ ਦੇ ਆਗੂ ਸਟੀਵਨ ਹਾਰਪਰ ਦਾ ਤਖ਼ਤਾ



ਪਲਟਾ ਦਿੱਤਾ। ਸੱਤਾ ਸੰਭਾਲਣ ਮਗਰੋਂ ਟਰੂਡੋ ਸਰਕਾਰ ਅਵਾਸ ਨਿਯਮਾਂ ਵਿੱਚ ਢਿੱਲ ਦੇ ਕੇ ਵਿਦੇਸ਼ਾਂ ਤੋਂ ਸਟੱਡੀ ਵੀਜ਼ੇ 'ਤੇ ਆਉਣ ਵਾਲੇ ਵਿਦਿਆਰਥੀਆਂ ਦੀਆਂ ਫੀਸਾਂ ਤੇ ਹੋਰ ਖਰਚੇ ਵਾਲੀ ਨਿਸ਼ਚਿਤ ਵਿਦੇਸ਼ੀ ਰਕਮ ਨੂੰ ਦੇਸ਼ ਦੀ ਆਰਥਿਕਤਾ ਦੇ ਸਰੋਤ ਵਜੋਂ ਲੈਂਦੀ ਰਹੀ। ਹਾਲਾਂਕਿ ਬੇਹਿਸਾਬੀ ਅਵਾਸ ਨੀਤੀ ਨੇ ਸਿਸਟਮ ਦੇ ਕਈ ਢਾਂਚੇ ਹਿਲਾ ਦਿੱਤੇ।

2019 ਵਾਲੀ ਚੋਣ ਵਿੱਚ ਲਿਬਰਲ ਪਾਰਟੀ ਬਹੁਮੱਤ ਨਾ ਲੈ ਸਕੀ, ਪਰ ਵੱਡੀ ਪਾਰਟੀ ਹੋਣ ਕਰ ਕੇ ਸਰਕਾਰ ਬਣਾ ਲਈ ਤੇ ਐੱਨਡੀਪੀ ਦੇ ਬਾਹਰੀ ਸਹਿਯੋਗ ਨਾਲ ਚਲਦੀ ਰਹੀ।

2021 ਦੀਆਂ ਮੱਧਕਾਲੀ ਚੋਣਾਂ ਮੌਕੇ ਵੀ ਲਿਬਰਲ ਪਾਰਟੀ ਨੂੰ ਕਰੋਨਾ ਕਾਲ ਵੇਲੇ ਲੋਕਾਂ ਦੀ ਵਿੱਤੀ ਮਦਦ ਦਾ ਕੋਈ ਲਾਭ ਨਾ ਮਿਲਿਆ। ਐੱਨਡੀਪੀ ਆਗੂ ਜਗਮੀਤ ਸਿੰਘ ਨੇ ਸਹਿਯੋਗ ਦੀਆਂ ਸ਼ਰਤਾਂ ਹੇਠ ਆਪਣੀ ਪਾਰਟੀ ਨੂੰ ਪਸੰਦ ਕੁਝ ਯੋਜਨਾਵਾਂ ਮੰਨਵਾ ਕੇ ਲਾਗੂ ਕਰਵਾਈਆਂ, ਪਰ ਟਰੂਡੋ ਸਰਕਾਰ ਦਾ ਵਕਾਰ ਡਿੱਗਦਾ ਗਿਆ।

ਹੁਣ ਤਾਂ ਉਸ ਵਲੋਂ ਦਿੱਤੇ ਅਸਤੀਫੇ ਨੂੰ ਸਿਆਸੀ ਸੂਝ ਵਾਲੇ ਲੋਕ ਦਲੇਰੀ ਦੀ ਥਾਂ ਦੇਰੀ ਨਾਲ ਚੁੱਕਿਆ ਕਦਮ ਗਰਦਾਨ ਰਹੇ ਹਨ। ਹੁਣ ਇਹ ਵੇਖਣਾ ਬਾਕੀ ਹੈ ਕਿ ਅਕਤੂਬਰ ਵਿੱਚ ਹੋਣ ਵਾਲੀਆਂ ਸੰਸਦੀ ਚੋਣਾਂ ਕਿੰਨੇ ਮਹੀਨੇ ਪਹਿਲਾਂ ਕੀਤੇ ਜਾਣ ਦਾ ਐਲਾਨ ਕੀਤਾ ਜਾਂਦਾ ਹੈ।


LOHRI CELEBRATION
Dr. Dalbir Singh Kathuria
(Chairman, Vishav Punjabi Sabha)
TIME - 01:00PM-04:00PM
HIGHLIGHTS OF THE EVENT:
LOHRI SONGS & DHOLKI PERFORMANCES
TRADITIONAL LOHRI RITUALS WITH FIRE, TIL, AND SHAGAN
GIDDHA & BHANGRA FLOOR DANCE FOR EVERYONE!
Let's come together to
celebrate the spirit of Lohri!
Don't miss the fun and festivities!
I really appreciate it


ਸੱਦਾ ਪੱਤਰ
ਵਿਸ਼ਵ ਪੰਜਾਬੀ ਸਭਾ ਕੈਨੇਡਾ
ਅਤੇ ਵਿਰਸਾ ਵਿਹਾਰ ਵੱਲੋਂ
ਸਭਾ ਦੀ ਵਰ੍ਹੇਗੰਢ ਅਤੇ ਲੋਹੜੀ ਸਮਾਗਮ
ਮਿਤੀ 14 ਜਨਵਰੀ 2025 ਦੁਪਿ. 12 ਤੋਂ 2 ਵਜੇ ਤੱਕ
ਸਥਾਨ: ਵਿਰਸਾ ਵਿਹਾਰ ਜਲੰਧਰ
ਮੁੱਖ ਮਹਿਮਾਨ
ਸ੍ਰੀ ਦੀਪਕ ਬਾਲੀ
(ਸਲਾਹਕਾਰ ਸੈਰ ਸਪਾਟਾ ਅਤੇ ਸੱਭਿਆਚਾਰ ਵਿਭਾਗ, ਪੰਜਾਬ ਸਰਕਾਰ)
ਡਾ. ਦਲਬੀਰ ਸਿੰਘ ਕਥੂਰੀਆ
(ਚੇਅਰਮੈਨ ਵਿਸ਼ਵ ਪੰਜਾਬੀ ਸਭਾ ਕੈਨੇਡਾ)
ਸਵਾਗਤ ਕਰਤਾ
ਲੈਕ. ਬਲਬੀਰ ਕੌਰ ਰਾਏਕੋਟੀ (ਪ੍ਰਧਾਨ)
ਸ੍ਰੀ ਸੰਗਤ ਰਾਮ (ਵਾਇਸ ਚੇਅਰਮੈਨ ਵਿਰਸਾ ਵਿਹਾਰ)
ਸ. ਗੁਰਮੀਤ ਸਿੰਘ (ਜਰਨਲ ਸਕੱਤਰ ਵਿਰਸਾ ਵਿਹਾਰ)
ਸਾਹਿਬਾ ਜੀਟਨ ਕੌਰ (ਮੀਤ ਪ੍ਰਧਾਨ ਵਿਸ਼ਵ ਪੰਜਾਬੀ ਸਭਾ)
M: 98144-12610, 94170-93925, 98766-02821


ਸੱਦਾ ਪੱਤਰ
ਵਿਸ਼ਵ ਪੰਜਾਬੀ ਸਭਾ ਕੈਨੇਡਾ
ਵੱਲੋਂ ਆਦੇਸ਼ ਯੂਨੀਵਰਸਟੀ ਬਠਿੰਡਾ ਦੇ ਸਹਿਯੋਗ ਨਾਲ
ਪੰਜਾਬੀ ਨਾਟਕ 'ਭਾਸ਼ਾ ਵਹਿੰਦਾ ਦਰਿਆ'
ਅਤੇ ਸੱਭਿਆਚਾਰਕ ਪ੍ਰੋਗਰਾਮ
ਮਿਤੀ 15 ਜਨਵਰੀ 2025 ਸ਼ਾਮ 5 ਤੋਂ 7 ਵਜੇ ਤੱਕ
ਸਥਾਨ: ਐਡੀਟੋਰੀਅਮ ਆਦੇਸ਼ ਯੂਨੀਵਰਸਟੀ ਬਠਿੰਡਾ
ਪ੍ਰਧਾਨਗੀ
ਡਾ. ਐਚ. ਐਸ. ਗਿੱਲ
(ਚਾਂਸਲਰ ਆਦੇਸ਼ ਯੂਨੀਵਰਸਿਟੀ ਬਠਿੰਡਾ)
ਡਾ. ਦਲਬੀਰ ਸਿੰਘ ਕਥੂਰੀਆ
(ਚੇਅਰਮੈਨ ਵਿਸ਼ਵ ਪੰਜਾਬੀ ਸਭਾ ਕੈਨੇਡਾ)
ਡਾ. ਜੋਗਾ ਸਿੰਘ ਵਿਰਕ
(ਮੁੱਖ ਸਲਾਹਕਾਰ ਵਿਸ਼ਵ ਪੰਜਾਬੀ ਸਭਾ ਕੈਨੇਡਾ)
ਸਵਾਗਤ ਕਰਤਾ
ਲੈਕ. ਬਲਬੀਰ ਕੌਰ ਰਾਏਕੋਟੀ (ਪ੍ਰਧਾਨ)
ਡਾ. ਕੁਲਵੰਤ ਸਿੰਘ (ਡਿਪਟੀ ਰਜਿਸਟਰਾਰ ਆਦੇਸ਼ ਯੂਨੀ. ਬਠਿੰਡਾ)
ਅਮਰਜੀਤ ਸਿੰਘ ਜੀਤ (ਜਿਲ੍ਹਾ ਪ੍ਰਧਾਨ)
ਦਵੀ ਸਿੱਧੂ (ਸੀਨੀ. ਮੀਤ ਪ੍ਰਧਾਨ)
M: 98144-12610, 98760-00599, 94172 87122, 95692-20006,


ਸੱਦਾ ਪੱਤਰ
ਵਿਸ਼ਵ ਪੰਜਾਬੀ ਸਭਾ ਕੈਨੇਡਾ
ਐਸ.ਐਸ.ਐਸ.ਐਸ ਮਾਡਰਨ ਹਾਈ ਸਕੂਲ, ਅੰਮ੍ਰਿਤਸਰ ਦੇ ਸਹਿਯੋਗ ਨਾਲ
ਪੰਜਾਬੀ ਨਾਟਕ
"ਭਾਸ਼ਾ ਵਹਿੰਦਾ ਦਰਿਆ"
ਮਿਤੀ 16 ਜਨਵਰੀ 2025 ਸਮਾਂ 12 ਤੋਂ 2 ਵਜੇ ਤੱਕ
ਸਥਾਨ : ਸਕੂਲ ਆਡੀਟੋਰੀਅਮ
ਮੁੱਖ ਮਹਿਮਾਨ
ਸ. ਹਰਭਜਨ ਸਿੰਘ ਈਟੀਓ
(ਮੰਤਰੀ ਪੰਜਾਬ ਸਰਕਾਰ ਬਿਜਲੀ ਵਿਭਾਗ)
ਡਾ. ਦਲਬੀਰ ਸਿੰਘ ਕਥੂਰੀਆ
(ਚੇਅਰਮੈਨ ਵਿਸ਼ਵ ਪੰਜਾਬੀ ਸਭਾ ਕੈਨੇਡਾ)
ਲਾਈਫ ਟਾਈਮ ਅਚੀਵਮੈਂਟ ਅਵਾਰਡ
ਸ. ਜਗਦੀਸ਼ ਸਿੰਘ
(ਡਾਇਰੈਕਟਰ ਐਸ. ਐਸ. ਐਸ. ਐਸ ਸਕੂਲ)
ਲੈਕ. ਬਲਬੀਰ ਕੌਰ ਰਾਏਕੋਟੀ 98144-12610
ਸ. ਸਤਬੀਰ ਸਿੰਘ ਅੰਮ੍ਰਿਤਸਰ 98142-18788
ਵਿਸ਼ਵ ਪੰਜਾਬੀ ਸਭਾ ਕੈਨੇਡਾ ਦੀ ਸਮੁੱਚੀ ਟੀਮ


Weight
10 Pond
Price
$5.99
BRAMPTON
CASH & CARRY
BramptonCashandCarry2023@gmail.co
KENNEDY ROAD S., BRAMPTON ON L6W 3E7, CANADA
905-230-4800

# ਭਾਜਪਾ ਨੇ ਦਿੱਲੀ ਲਈ ਉਮੀਦਵਾਰਾਂ ਦੀ ਦੂਜੀ ਸੂਚੀ ਜਾਰੀ ਕੀਤੀ, ਕਪਿਲ ਮਿਸ਼ਰਾ ਨੂੰ ਕਰਾਵਲ ਨਗਰ ਤੋਂ ਮਿਲੀ ਟਿਕਟ



ਨਵੀਂ ਦਿੱਲੀ, 12 ਜਨਵਰੀ (ਜਸਵਿੰਦਰ ਸਿੰਘ ਬਿੱਟਾ)-ਭਾਜਪਾ ਨੇ ਦਿੱਲੀ ਵਿਧਾਨ ਸਭਾ ਚੋਣਾਂ ਲਈ ਉਮੀਦਵਾਰਾਂ ਦੀ ਦੂਜੀ ਸੂਚੀ ਜਾਰੀ ਕਰ ਦਿੱਤੀ ਹੈ। ਦੂਜੀ ਸੂਚੀ ਵਿੱਚ 29 ਉਮੀਦਵਾਰਾਂ ਦੇ ਨਾਮ ਸ਼ਾਮਲ ਹਨ। ਪਾਰਟੀ ਨੇ ਤਿਲਕ ਰਾਮ ਗੁਪਤਾ ਨੂੰ ਤ੍ਰਿਨਗਰ ਤੋਂ ਟਿਕਟ ਦਿੱਤੀ ਹੈ। ਸੁਲਤਾਨਪੁਰ ਮਜ਼ਾਰਾ ਤੋਂ ਕਰਮ ਸਿੰਘ ਕਰਮਾ ਨੂੰ ਉਮੀਦਵਾਰ ਐਲਾਨਿਆ ਗਿਆ ਹੈ।

ਪਾਰਟੀ ਨੇ ਕਪਿਲ ਮਿਸ਼ਰਾ ਨੂੰ ਦਿੱਲੀ ਕਰਾਵਲ ਨਗਰ ਵਿਧਾਨ ਸਭਾ ਸੀਟ ਤੋਂ ਆਪਣਾ ਉਮੀਦਵਾਰ ਬਣਾਇਆ ਹੈ। ਅਭੈ ਵਰਮਾ ਨੂੰ ਇੱਕ ਵਾਰ ਫਿਰ ਲਕਸ਼ਮੀ ਨਗਰ ਤੋਂ ਉਮੀਦਵਾਰ ਬਣਾਇਆ ਗਿਆ ਹੈ। ਅਭੈ ਵਰਮਾ ਲਕਸ਼ਮੀ ਨਗਰ ਤੋਂ ਮੌਜੂਦਾ ਵਿਧਾਇਕ ਹਨ।

ਪਾਰਟੀ ਨੇ ਨਰੇਲਾ ਵਿਧਾਨ ਸਭਾ ਸੀਟ ਤੋਂ ਰਾਜ ਕਰਨ ਖੰਨੀ, ਤਿਮਾਰਪੁਰ ਤੋਂ ਸੂਰਿਆ ਪ੍ਰਕਾਸ਼ ਖੰਨਾ, ਮੁੰਡਕਾ ਤੋਂ ਗਜੇਂਦਰ ਦਰਾਲ, ਕਿਰਾੜੀ ਤੋਂ ਬਜਰੰਗ ਸ਼ੁਕਲਾ, ਸੁਲਤਾਨਪੁਰ ਮਜ਼ਾਰਾ ਤੋਂ ਕਰਮ ਸਿੰਘ ਕਰਮਾ, ਸ਼ਕੂਰ ਬਸਤੀ ਤੋਂ ਕਰਨੈਲ ਸਿੰਘ, ਤ੍ਰਿਨਗਰ ਤੋਂ ਤਿਲਕ ਰਾਮ ਗੁਪਤਾ, ਤਿਲਕ ਨਗਰ ਤੋਂ ਮਨੋਜ ਨੂੰ ਮੈਦਾਨ ਵਿੱਚ ਉਤਾਰਿਆ ਹੈ। ਸਦਰ ਬਾਜ਼ਾਰ ਤੋਂ ਕੁਮਾਰ ਜਿੰਦਲ, ਚਾਂਦਨੀ ਚੌਕ ਤੋਂ ਸਤੀਸ਼ ਜੈਨ, ਮਟੀਆ ਮਹਿਲ ਤੋਂ ਦੀਪਤੀ ਇੰਦੋਰਾ, ਬੱਲੀਮਾਰਨ ਤੋਂ ਕਮਲ ਬਾਗੜੀ, ਮੋਤੀ ਨਗਰ ਤੋਂ ਹਰੀਸ਼ ਖੁਰਾਨਾ, ਮਾਦੀਪੁਰ ਤੋਂ ਉਰਮਿਲਾ ਕੈਲਾਸ਼ ਗੰਗਵਾਲ ਨੂੰ ਟਿਕਟਾਂ ਦਿੱਤੀਆਂ ਗਈਆਂ ਹਨ।

### ਤੁਗਲਕਾਬਾਦ ਤੋਂ ਰੋਹਤਾਸ ਬਿਧੂੜੀ ਨੂੰ ਮਿਲੀ ਟਿਕਟ

ਪਾਰਟੀ ਨੇ ਹਰੀ ਨਗਰ ਤੋਂ ਸ਼ਿਆਮ ਸ਼ਰਮਾ, ਤਿਲਕ ਨਗਰ ਤੋਂ ਸ਼ਵੇਤਾ ਸੈਣੀ, ਵਿਕਾਸਪੁਰੀ ਤੋਂ ਡਾ. ਪੰਕਜ ਕੁਮਾਰ ਸਿੰਘ, ਉੱਤਮ ਨਗਰ ਤੋਂ ਪਵਨ ਸ਼ਰਮਾ, ਦਵਾਰਕਾ ਤੋਂ ਪ੍ਰਦਿਊਮਨ ਰਾਜਪੂਤ, ਮਟਿਆਲਾ ਤੋਂ ਸੰਦੀਪ ਸਹਿਰਾਵਤ, ਨਜਫਗੜ੍ਹ ਤੋਂ ਨੀਲਮ ਪਹਿਲਵਾਨ, ਪਾਲਮ ਤੋਂ ਕੁਲਪਿਦ ਸੋਲੰਕੀ ਨੂੰ ਮੈਦਾਨ ਵਿੱਚ ਉਤਾਰਿਆ ਹੈ। ਰਾਜਿੰਦਰ ਨਗਰ ਉਮੰਗ ਬਜਾਜ, ਕਸਤੂਰਬਾ ਨਗਰ ਤੋਂ ਨੀਰਜ ਬਸੋਆ, ਤੁਗਲਕਾਬਾਦ ਤੋਂ ਰੋਹਤਾਸ ਬਿਧੂਰੀ, ਓਖਲਾ ਤੋਂ ਮਨੀਸ਼ ਚੌਧਰੀ, ਕੋਂਡਲੀ ਤੋਂ ਪ੍ਰਿਯੰਕਾ ਗੌਤਮ, ਲਕਸ਼ਮੀ ਨਗਰ ਤੋਂ ਅਭੈ ਵਰਮਾ, ਸੀਲਮਪੁਰ ਤੋਂ ਅਨਿਲ ਗੌੜ ਅਤੇ ਕਰਾਵਲ ਨਗਰ ਤੋਂ ਕਪਿਲ ਮਿਸ਼ਰਾ ਨੂੰ ਟਿਕਟਾਂ ਦਿੱਤੀਆਂ ਗਈਆਂ ਹਨ।

### 12 ਉਮੀਦਵਾਰਾਂ ਦੇ ਨਾਮ ਬਾਕੀ

ਭਾਜਪਾ ਨੇ ਇਸ ਤੋਂ ਪਹਿਲਾਂ 4 ਜਨਵਰੀ ਨੂੰ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕੀਤੀ ਸੀ। ਪਹਿਲੀ ਸੂਚੀ ਵਿੱਚ ਕੁੱਲ 29 ਉਮੀਦਵਾਰਾਂ ਦੇ ਨਾਮ ਸ਼ਾਮਲ ਸਨ। ਜੇਕਰ ਅਸੀਂ ਇਸ ਤਰ੍ਹਾਂ ਵੇਖੀਏ ਤਾਂ ਹੁਣ ਤੱਕ ਭਾਜਪਾ 58 ਸੀਟਾਂ ਲਈ ਉਮੀਦਵਾਰਾਂ ਦਾ ਐਲਾਨ ਕਰ ਚੁੱਕੀ ਹੈ। ਦਿੱਲੀ ਵਿੱਚ 70 ਵਿਧਾਨ ਸਭਾ ਸੀਟਾਂ ਹਨ, ਇਸ ਲਈ ਹੁਣ ਸਿਰਫ਼ 12 ਸੀਟਾਂ ਲਈ ਉਮੀਦਵਾਰਾਂ ਦਾ ਐਲਾਨ ਕਰਨਾ ਬਾਕੀ ਹੈ।







# ਦੇਸ਼ ਵਿੱਚ ਸਭ ਤੋਂ ਵੱਧ ਦੁਰਘਟਨਾਵਾਂ ਨਾਲ ਮੌਤਾਂ, ਹੈਰਾਨ ਕਰ ਵਾਲੀ ਹੈ ਪਿਛਲੇ 5 ਸਾਲਾਂ ਦੀ ਸਰਕਾਰ ਦੀ ਰਿਪੋਰਟ




ਨਵੀਂ ਦਿੱਲੀ, 12 ਜਨਵਰੀ (ਜਸਵਿੰਦਰ ਸਿੰਘ ਬਿੱਟਾ)- ਸਰਦੀਆਂ 'ਚ ਧੁੰਦ ਕਾਰਨ ਸੜਕ 'ਤੇ ਵਾਹਨ ਚਲਾਉਣਾ ਖਤਰਨਾਕ ਹੋ ਜਾਂਦਾ ਹੈ। ਦੇਸ਼ ਭਰ ਵਿੱਚ ਹਾਦਸਿਆਂ ਵਿੱਚ ਵਾਧਾ ਹੋ ਰਿਹਾ ਹੈ। ਧੁੰਦ ਅਤੇ ਕੋਹਰੇ ਦੌਰਾਨ ਵਾਹਨ ਚਾਲਕਾਂ ਨੂੰ ਸੁਚੇਤ ਕਰਨ ਲਈ ਸੜਕ ਸੁਰੱਖਿਆ ਸਪਤਾਹ ਦਾ ਆਯੋਜਨ ਕੀਤਾ ਗਿਆ। ਇਸ ਸਮੇਂ ਦੌਰਾਨ ਲੋਕਾਂ ਨੂੰ ਦੋਪਹੀਆ ਵਾਹਨ ਚਲਾਉਂਦੇ ਸਮੇਂ ਹੈਲਮੇਟ ਪਹਿਨਣ ਅਤੇ ਕਾਰਾਂ ਆਦਿ ਚਲਾਉਂਦੇ ਸਮੇਂ ਸੀਟ ਬੈਲਟ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਅਜਿਹੀ ਸਥਿਤੀ ਵਿੱਚ ਜੇਕਰ ਕੋਈ ਹਾਦਸਾ ਵਾਪਰਦਾ ਹੈ ਤਾਂ ਵੀ ਵਾਹਨ ਸਵਾਰਾਂ ਦਾ ਘੱਟ ਤੋਂ ਘੱਟ ਨੁਕਸਾਨ ਹੁੰਦਾ ਹੈ।

ਇਸ ਦੇ ਬਾਵਜੂਦ ਲੋਕ ਲਾਪਰਵਾਹ ਰਹਿੰਦੇ ਹਨ ਤੇ ਆਪਣੀ ਜਾਨ ਗੁਆਉਂਦੇ ਹਨ। ਜੇਕਰ ਪਿਛਲੇ ਪੰਜ ਸਾਲਾਂ ਦੀ ਗੱਲ ਕਰੀਏ ਤਾਂ ਦੇਸ਼ ਭਰ ਵਿੱਚ 7.77 ਲੱਖ ਲੋਕ ਸੜਕ ਹਾਦਸਿਆਂ ਵਿੱਚ ਆਪਣੀ ਜਾਨ ਗੁਆ ਚੁੱਕੇ ਹਨ। ਸਰਕਾਰ ਵੱਲੋਂ ਜਾਰੀ ਰਿਪੋਰਟ ਵਿੱਚ ਇਹ ਖੁਲਾਸਾ ਹੋਇਆ ਹੈ। ਆਓ ਜਾਣਦੇ ਹਾਂ ਦੇਸ਼ ਵਿੱਚ ਹਾਦਸਿਆਂ ਵਿੱਚ ਸਭ ਤੋਂ ਵੱਧ ਮੌਤਾਂ ਕਿੱਥੇ ਹੁੰਦੀਆਂ ਹਨ? ਕਿਸ ਕਿਸਮ ਦੇ ਹਾਦਸੇ ਸਭ ਤੋਂ ਵੱਧ ਅਤੇ ਕਿਸ ਸਮੇਂ ਹੋਏ ਹਨ?

### ਮੰਤਰਾਲੇ ਨੇ ਜਾਰੀ ਕੀਤੀ ਰਿਪੋਰਟ

ਟਰਾਂਸਪੋਰਟ ਅਤੇ ਹਾਈਵੇ ਮੰਤਰਾਲੇ ਦੁਆਰਾ ਭਾਰਤ ਵਿੱਚ ਸੜਕ ਹਾਦਸੇ-2022ਸਿਰਲੇਖ ਵਾਲੀ ਇੱਕ ਰਿਪੋਰਟ ਜਾਰੀ ਕੀਤੀ ਗਈ ਹੈ। ਇਸ ਵਿੱਚ ਪਿਛਲੇ ਪੰਜ ਸਾਲਾਂ ਵਿੱਚ ਵਾਪਰੇ ਹਾਦਸਿਆਂ ਦਾ ਲੇਖਾ ਜੋਖਾ ਦਿੱਤਾ ਗਿਆ ਹੈ। ਇਹ ਦੱਸਿਆ ਗਿਆ ਹੈ ਕਿ 2018 ਤੋਂ 2022 ਦਰਮਿਆਨ ਵੱਖ-ਵੱਖਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਕਿੰਨੇ ਹਾਦਸੇ ਹੋਏ ਹਨ। ਇਸ ਰਿਪੋਰਟ ਮੁਤਾਬਕ ਸਾਲ 2021 ਵਿੱਚ ਦੇਸ਼ ਭਰ ਵਿੱਚ ਸੜਕ ਹਾਦਸਿਆਂ ਵਿੱਚ 1,53,972 ਮੌਤਾਂ ਹੋਈਆਂ। ਸਾਲ 2022 ਵਿੱਚ ਇਹ ਵਧ ਕੇ 1,68,491 ਹੋ ਜਾਵੇਗੀ।

### ਸਭ ਤੋਂ ਵੱਧ ਮੌਤਾਂ ਉੱਤਰ ਪ੍ਰਦੇਸ਼ ਵਿੱਚ ਹੋਈਆਂ

ਇਨ੍ਹਾਂ ਹਾਦਸਿਆਂ ਵਿੱਚ ਸਭ ਤੋਂ ਵੱਧ 1.08 ਲੱਖ ਮੌਤਾਂ ਉੱਤਰ ਪ੍ਰਦੇਸ਼ ਵਿੱਚ ਹੋਈਆਂ। ਇਸ ਤੋਂ ਬਾਅਦ ਤਾਮਿਲਨਾਡੂ ਵਿੱਚ 84 ਹਜ਼ਾਰ ਅਤੇ ਮਹਾਰਾਸ਼ਟਰ ਵਿੱਚ 66 ਹਜ਼ਾਰ ਮੌਤਾਂ ਹੋਈਆਂ। ਭਾਵ ਮੌਤਾਂ ਦੇ ਮਾਮਲੇ ਵਿੱਚ ਉੱਤਰ ਪ੍ਰਦੇਸ਼ ਪਹਿਲੇ ਸਥਾਨ 'ਤੇ ਹੈ। ਇਸ ਤੋਂ ਬਾਅਦ ਤਾਮਿਲਨਾਡੂ ਤੇ ਮਹਾਰਾਸ਼ਟਰ ਦੂਜੇ ਅਤੇ ਤੀਜੇ ਸਥਾਨ 'ਤੇ ਹਨ। ਇਨ੍ਹਾਂ ਤੋਂ ਇਲਾਵਾ ਮੱਧ ਪ੍ਰਦੇਸ਼ ਵਿੱਚ 58,580, ਕਰਨਾਟਕ ਵਿੱਚ 53,448, ਰਾਜਸਥਾਨ ਵਿੱਚ 51,280, ਆਂਧਰਾ ਪ੍ਰਦੇਸ਼ ਵਿੱਚ 39,058, ਬਿਹਾਰ ਵਿੱਚ 36,191, ਤੇਲੰਗਾਨਾ ਵਿੱਚ 35,565 ਅਤੇ ਗੁਜਰਾਤ ਵਿੱਚ 36,626 ਸੜਕ ਹਾਦਸਿਆਂ ਵਿੱਚ ਜਾਨਾਂ ਗਈਆਂ ਹਨ।

### 55 ਫੀਸਦੀ ਹਾਦਸੇ ਹਾਈਵੇਅ 'ਤੇ ਹੀ ਹੁੰਦੇ ਹਨ

ਸੜਕ ਹਾਦਸਿਆਂ ਦੇ ਅੰਕੜੇ ਦਰਸਾਉਂਦੇ ਹਨ ਕਿ ਦੇਸ਼ ਭਰ ਦੇ ਕੁੱਲ ਸੜਕੀ ਨੈਟਵਰਕ ਦਾ ਸਿਰਫ਼ ਪੰਜ ਫੀਸਦ ਹਾਈਵੇਅ ਦੇ ਰੂਪ ਵਿੱਚ ਹੈ। ਇਸ ਦੇ ਬਾਵਜੂਦ ਇਨ੍ਹਾਂ ਵਾਹਨਾਂ 'ਤੇ 55 ਫੀਸਦੀ ਤੋਂ ਵੱਧ ਹਾਦਸੇ ਵਾਪਰਦੇ ਹਨ। ਹਾਦਸਿਆਂ ਵਿੱਚ ਹੋਈਆਂ ਕੁੱਲ ਮੌਤਾਂ ਵਿੱਚੋਂ 60 ਫੀਸਦੀ ਤੋਂ ਵੱਧ ਇਨ੍ਹਾਂ ਹਾਦਸਿਆਂ ਵਿੱਚ ਹੁੰਦੀਆਂ ਹਨ। ਸਾਲ 2022 ਵਿੱਚ ਕੁੱਲ ਹਾਦਸਿਆਂ ਵਿੱਚੋਂ 32.9% ਨੈਸ਼ਨਲ ਹਾਈਵੇਅ ਤੇ ਹੋਏ ਅਤੇ ਕੁੱਲ ਮੌਤਾਂ ਵਿੱਚੋਂ 36.2% ਮੌਤਾਂ ਦਰਜ ਕੀਤੀਆਂ ਗਈਆਂ। ਇਸ ਸਾਲ ਨੈਸ਼ਨਲ ਹਾਈਵੇਅ 'ਤੇ ਕੁੱਲ 151997 ਹਾਦਸੇ ਹੋਏ, ਜਿਨ੍ਹਾਂ 'ਚ 61038 ਲੋਕਾਂ ਦੀ ਮੌਤ ਹੋ ਗਈ ਤੇ 144352 ਲੋਕ ਜ਼ਖ਼ਮੀ ਹੋਏ। ਜਦੋਂ ਕਿ ਰਾਜ ਮਾਰਗਾਂ 'ਤੇ ਹੋਏ 106682 ਹਾਦਸਿਆਂ 'ਚ 41012 ਲੋਕਾਂ ਦੀ ਜਾਨ ਚਲੀ ਗਈ ਅਤੇ 106485 ਲੋਕ ਜ਼ਖ਼ਮੀ ਹੋਏ। ਸਾਲ 2022 'ਚ ਦੇਸ਼ ਦੀਆਂ ਹੋਰ ਸੜਕਾਂ 'ਤੇ 202633 ਹਾਦਸੇ ਹੋਏ। ਇਨ੍ਹਾਂ ਹਾਦਸਿਆਂ ਵਿੱਚ 66441 ਲੋਕਾਂ ਦੀ ਮੌਤ ਹੋ ਗਈ ਅਤੇ 192529 ਲੋਕ ਜ਼ਖ਼ਮੀ ਹੋਏ। ਇਨ੍ਹਾਂ ਹਾਦਸਿਆਂ ਦਾ ਸਭ ਤੋਂ ਵੱਡਾ ਕਾਰਨ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਹੈ। ਸੜਕ ਹਾਦਸਿਆਂ ਵਿੱਚ ਹੋਣ ਵਾਲੀਆਂ ਕੁੱਲ ਮੌਤਾਂ ਵਿੱਚੋਂ 75.2 ਫ਼ੀਸਦੀ ਲਈ ਓਵਰਸਪੀਡਿੰਗ ਜ਼ਿੰਮੇਵਾਰ ਹੈ। ਗਲਤ ਦਿਸ਼ਾ ਵਿੱਚ ਗੱਡੀ ਚਲਾਉਣਾ 5.8 ਫੀਸਦੀ ਮੌਤਾਂ ਦਾ ਕਾਰਨ ਪਾਇਆ ਗਿਆ ਹੈ।

### 2021 ਦੇ ਮੁਕਾਬਲੇ 2022 ਵਿੱਚ ਹਾਦਸਿਆਂ ਵਿੱਚ 11.9 ਫੀਸਦੀ ਦਾ ਵਾਧਾ ਹੋਇਆ ਹੈ

ਮੰਤਰਾਲੇ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸਾਲ 2022 ਵਿੱਚ ਦੇਸ਼ ਭਰ ਵਿੱਚ ਕੁੱਲ 4,61,312 ਸੜਕ ਹਾਦਸੇ ਦਰਜ ਕੀਤੇ ਗਏ ਹਨ। ਇਨ੍ਹਾਂ ਵਿੱਚੋਂ 1,55,781 ਯਾਨੀ 33.8% ਘਾਤਕ ਸਾਬਤ ਹੋਏ। ਇਨ੍ਹਾਂ ਹਾਦਸਿਆਂ 'ਚ 1,68,491 ਲੋਕਾਂ ਦੀ ਜਾਨ ਚਲੀ ਗਈ, ਜਦਕਿ 4,43,366 ਲੋਕ ਜ਼ਖ਼ਮੀ ਹੋਏ। ਸਾਲ 2021 ਦੇ ਮੁਕਾਬਲੇ ਸਾਲ 2022 ਵਿੱਚ ਕੁੱਲ ਸੜਕ ਹਾਦਸਿਆਂ ਵਿੱਚ 11.9% ਦਾ ਵਾਧਾ ਹੋਇਆ ਹੈ। ਇਸ ਦੇ ਨਾਲ ਹੀ ਅਜਿਹੇ ਹਾਦਸਿਆਂ ਵਿੱਚ ਮਰਨ ਵਾਲਿਆਂ ਦੀ ਗਿਣਤੀ ਵਿੱਚ 9.4% ਅਤੇ ਜ਼ਖ਼ਮੀ ਲੋਕਾਂ ਦੀ ਗਿਣਤੀ ਵਿੱਚ 15.3% ਦਾ ਵਾਧਾ ਹੋਇਆ ਹੈ।

### ਸਾਲ 2022 ਵਿੱਚ ਹਾਦਸਿਆਂ ਵਿੱਚ ਸਭ ਤੋਂ ਵੱਧ ਮੌਤਾਂ ਹੋਈਆਂ

ਸਾਲ-ਦਰ-ਸਾਲਵਾਪਰੇ ਹਾਦਸਿਆਂ ਦਾ ਅਧਿਐਨ ਕਰਨ 'ਤੇ ਪਤਾ ਚੱਲਦਾ ਹੈ ਕਿ ਸਾਲ 2018 'ਚ ਸਭ ਤੋਂ ਵੱਧ ਹਾਦਸੇ ਦੇਖਣ ਨੂੰ ਮਿਲੇ ਹਨ ਪਰ ਸਾਲ 2022 'ਚ ਹਾਦਸਿਆਂ 'ਚ ਸਭ ਤੋਂ ਵੱਧ ਮੌਤਾਂ ਹੋਈਆਂ ਹਨ। ਸਾਲ 2018 ਵਿੱਚ 4,70,403 ਹਾਦਸਿਆਂ ਵਿੱਚ 1,57,593 ਮੌਤਾਂ ਹੋਈਆਂ। ਸਾਲ 2019 ਵਿੱਚ 4,56,959 ਹਾਦਸਿਆਂ ਵਿੱਚ 1,58,984 ਜਾਨਾਂ ਗਈਆਂ। ਸਾਲ 2020 ਵਿੱਚ 3,72,181 ਸੜਕ ਹਾਦਸਿਆਂ ਵਿੱਚ 1,38,383 ਲੋਕਾਂ ਦੀ ਜਾਨ ਚਲੀ ਗਈ। ਸਾਲ 2021 'ਚ 4,12,432 ਹਾਦਸੇ ਹੋਏ, ਜਿਨ੍ਹਾਂ 'ਚ 1,53,972 ਲੋਕਾਂ ਦੀ ਮੌਤ ਹੋਈ। ਜਦੋਂ ਕਿ ਸਾਲ 2022 ਵਿੱਚ 4,61,312 ਹਾਦਸੇ ਹੋਏ। ਇਨ੍ਹਾਂ ਹਾਦਸਿਆਂ ਵਿੱਚ 1,68,491 ਲੋਕਾਂ ਦੀ ਜਾਨ ਚਲੀ ਗਈ।







# INTERPOL ਇੰਟਰਪੋਲ ਦੇ ਸਿਲਵਰ ਨੋਟਿਸ ਦੀ ABCD, ਪਹਿਲੀ ਵਾਰ ਕੀਤਾ ਗਿਆ ਜਾਰੀ




ਨਵੀਂ ਦਿੱਲੀ, 12 ਜਨਵਰੀ (ਜਸਵਿੰਦਰ ਸਿੰਘ ਬਿੱਟਾ)- ਇੰਟਰਪੋਲ ਵੱਲੋਂ ਪਹਿਲੀ ਵਾਰ ਸਿਲਵਰ ਨੋਟਿਸ ਜਾਰੀ ਕੀਤਾ ਗਿਆ ਹੈ। ਇਸ ਦੇ ਪਿੱਛੇ ਦਾ ਕਾਰਨ ਅਪਰਾਧਿਕ ਜਾਇਦਾਦਾਂ ਦਾ ਪਤਾ ਲਗਾਉਣਾ ਦੱਸਿਆ ਜਾ ਰਿਹਾ ਹੈ। ਇਹ ਪਹਿਲਾ ਨੋਟਿਸ ਇਟਲੀ ਵੱਲੋਂ ਕੀਤੀ ਗਈ ਬੇਨਤੀ ਤੋਂ ਬਾਅਦ ਜਾਰੀ ਕੀਤਾ ਗਿਆ ਹੈ। ਜਿਸ ਵਿੱਚ ਇੱਕ ਮਾਫੀਆ ਦੀ ਜਾਇਦਾਦ ਬਾਰੇ ਜਾਣਕਾਰੀ ਮੰਗੀ ਗਈ ਹੈ।

ਇਸ ਨੋਟਿਸ ਦੇ ਜਾਰੀ ਹੋਣ ਤੋਂ ਬਾਅਦ ਭਾਰਤ ਨੂੰ ਵੀ ਮਦਦ ਮਿਲੇਗੀ। ਉਹ ਅਪਰਾਧੀ ਜਿਨ੍ਹਾਂ ਨੇ ਆਪਣਾ ਕਾਲਾ ਧਨ ਦੂਜੇ ਦੇਸ਼ਾਂ ਵਿੱਚ ਟਰਾਂਸਫਰ ਕੀਤਾ ਹੈ। ਉਹਨਾਂ ਦਾ ਪਤਾ ਲਗਾਇਆ ਜਾ ਸਕਦਾ ਹੈ। ਇਹ ਸੰਗਠਨ, ਲਗਭਗ 52 ਦੇਸ਼ਾਂ ਨਾਲ ਕੰਮ ਕਰ ਰਿਹਾ ਹੈ, ਨਵੰਬਰ 2025 ਤੱਕ ਇਸ ਪ੍ਰੋਜੈਕਟ 'ਤੇ ਕੰਮ ਕਰੇਗਾ।

## ਸਿਲਵਰ ਦੇ ਨੋਟਿਸ ਨਾਲ ਕੀ ਹੁੰਦਾ ਹੈ ?

ਸਿਲਵਰ ਨੋਟਿਸ ਅਤੇ ਡਿਫਿਊਜ਼ਨ ਮੈਂਬਰ ਰਾਜਾਂ ਨੂੰ ਅਪਰਾਧ ਨਾਲ ਜੁੜੀਆਂ ਜਾਇਦਾਦਾਂ ਬਾਰੇ ਜਨਤਕ ਜਾਣਕਾਰੀ ਦੇਣ ਦੀ ਆਗਿਆ ਦਿੰਦੇ ਹਨ। ਇਸ ਨੋਟਿਸ ਰਾਹੀਂ, ਉਨ੍ਹਾਂ ਦੀ ਜਾਇਦਾਦ, ਵਾਹਨ, ਵਿੱਤੀ ਖਾਤਿਆਂ ਅਤੇ ਉਨ੍ਹਾਂ ਦੇ ਕਾਰੋਬਾਰ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਜਾਂਦੀ ਹੈ। ਇਸ ਦੇ ਨਾਲ ਹੀ ਉਸਦੀ ਅਸਲ ਪਛਾਣ ਵੀ ਸਾਹਮਣੇ ਆਉਂਦੀ ਹੈ। ਇਸ ਰਾਹੀਂ ਇਕੱਠੀ ਕੀਤੀ ਗਈ ਜਾਣਕਾਰੀ ਨੂੰ ਰਾਸ਼ਟਰੀ ਕਾਨੂੰਨਾਂ ਤਹਿਤ ਜਾਇਦਾਦ ਜ਼ਬਤ ਕਰਨ ਜਾਂ ਰਿਕਵਰੀ ਲਈ ਵਰਤਿਆ ਜਾ ਸਕਦਾ ਹੈ।

ਇੰਟਰਪੋਲ ਸਕੱਤਰੇਤ ਹਰੇਕ ਸਿਲਵਰ ਨੋਟਿਸ ਦੀ ਸਮੀਖਿਆ ਕਰੇਗਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹਨਾਂ ਦੀ ਵਰਤੋਂ ਰਾਜਨੀਤਿਕ ਉਦੇਸ਼ਾਂ ਲਈ ਨਹੀਂ ਕੀਤੀ ਜਾ ਰਹੀ ਹੈ।

## ਇੱਕ ਬਿਆਨ ਤੋਂ ਬਾਅਦ ਜਾਰੀ ਕੀਤਾ ਗਿਆ ਸਿਲਵਰ ਨੋਟਿਸ

ਇਹ ਨਵਾਂ ਪ੍ਰੋਜੈਕਟ 61"6 (ਵਿੱਤੀ ਐਕਸ਼ਨ ਟਾਸਕ ਫੋਰਸ) ਦੇ ਮੁਖੀ ਵੱਲੋਂ ਦਿੱਤੀ ਗਈ ਚੇਤਾਵਨੀ ਤੋਂ ਇੱਕ ਦਿਨ ਬਾਅਦ ਹੀ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਸੀ ਕਿ ਅੰਤਰਰਾਸ਼ਟਰੀ ਜਾਇਦਾਦਾਂ ਨੂੰ ਜ਼ਬਤ ਕਰਨ ਦੀਆਂ ਕੋਸ਼ਿਸ਼ਾਂ ਜ਼ਿਆਦਾਤਰ ਅਸਫਲ ਰਹੀਆਂ ਹਨ।

ਏਲੀਸਾ ਡੀ ਐਂਡਾ ਮਾਦਰਾਜ਼ੋ ਨੇ ਕਿਹਾ ਕਿ ਦੁਨੀਆ ਦੇ 80% ਦੇਸ਼ ਅਪਰਾਧਿਕ ਜਾਇਦਾਦਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਜ਼ਬਤ ਨਹੀਂ ਕਰ ਸਕਦੇ। ਜਿਸ ਕਾਰਨ ਅਜਿਹੀ ਸਥਿਤੀ ਪੈਦਾ ਹੋਈ ਹੈ।






# ਡਾ. ਸੁਰਜੀਤ ਪਾਤਰ ਦੀ ਯਾਦ 'ਚ 'ਬਾਗ਼-ਏ-ਅਦਬ' ਦਾ ਆਗਾਜ਼, ਸਾਹਿਤ ਪ੍ਰੇਮੀਆਂ ਦੀ ਹਾਜ਼ਰੀ 'ਚ ਹੋਈਆਂ ਵਿਚਾਰਾਂ

ਮੋਗਾ,12 ਜਨਵਰੀ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)-ਮੋਗਾ ਦੇ ਪਿੰਡ ਭਿੰਡਰ ਕਲਾਂ ਦੇ ਵਿੱਚ ਸਦੀ ਦੇ ਮਹਾਨ ਸ਼ਾਇਰ ਡਾਕਟਰ ਸੁਰਜੀਤ ਪਾਤਰ ਨੂੰ ਸਮਰਪਿਤ ਇੱਕ ਬਾਗ ਰਸਮੀ ਆਗਾਜ਼ ਕੀਤਾ ਗਿਆ। ਢਾਈ ਏਕੜ ਦੀ ਜ਼ਮੀਨ ਦੇ ਵਿੱਚ ਇਸ ਬਾਗ ਨੂੰ ਬਣਾਇਆ ਗਿਆ। ਇਹ ਬਾਗ ਪੰਜਾਬੀ ਮਾਂ ਬੋਲੀ ਅਤੇ ਕੁਦਰਤ ਨਾਲ ਜੋੜੇਗਾ। ਜਿਸ ਦਾ ਨਾਂਅ ਰੱਖਿਆ ਗਿਆ 'ਬਾ ?ਗ-ਏ-ਅਦਬ' ਇਸ ਮੌਕੇ 'ਤੇ ਕਾਫੀ ਸੰਖਿਆਂ ਦੇ ਵਿੱਚ ਸਾਹਿਤ ਨਾਲ ਜੁੜੇ ਪ੍ਰੇਮੀ ਪਹੁੰਚੇ। ਉੱਥੇ ਹੀ ਡਾਕਟਰ ਬਲਜਿੰਦਰ ਸਿੰਘ ਅਤੇ ਸੰਤ ਗੁਰਮੀਤ ਸਿੰਘ ਪੰਜਾਬੀ ਅਦਾਕਾਰ ਮਲਕੀਤ ਰੌਣੀ ਦੇ ਵੱਲੋਂ ਇਸ ਬਾਗ ਦਾ ਰਸਮੀ ਉਦਘਾਟਨ



ਕੀਤਾ ਗਿਆ।

ਉੱਥੇ ਇਸ ਤੋਂ ਬਾਅਦ ਪੱਥਰਾਂ ਤੇ ਅੰਕਿਤ ਕਰਕੇ ਡਾਕਟਰ ਸੁਰਜੀਤ ਪਾਤਰ ਦੀ ਤਸਵੀਰ ਬਣਾਈ ਗਈ ਅਤੇ ਪੱਥਰਾਂ ਤੇ ਹੀ ਅੰਕਿਤ ਕਰਕੇ ਪੰਜਾਬੀ ਸਾਹਿਤ ਅਤੇ ਮਾਂ ਬੋਲੀ ਲਿਖੀ ਗਈ। ਉੱਥੇ ਹੀ ਇਸ ਬਾਗ ਦੇ ਵਿੱਚ ਸਾਹਿਤ ਨਾਲ ਜੁੜੇ ਪੰਜਾਬੀ ਮਾਂ ਬੋਲੀ ਦੇ ਪ੍ਰੇਮੀਆਂ ਦੁਆਰਾ ਇਸ ਨੂੰ ਸਜਾਇਆ ਗਿਆ। ਜਿੱਥੇ ਪੰਜਾਬੀ ਮਾਂ ਬੋਲੀ ਦੇ ਹਰ ਅੱਖਰ ਦੇ ਅੱਗੇ ਪੌਦਾ ਵੀ ਲਗਾਇਆ ਜਾਵੇਗਾ। ਪੰਜਾਬੀ ਮਾਂ ਬੋਲੀ ਦੇ 35 ਅੱਖਰ ਅਤੇ 35 ਹੀ ਪੌਦੇ ਉਥੇ ਲਗਾਏ ਜਾਣਗੇ। ਜਲਦ ਹੀ ਇਹ ਬਾਗ ਲੋਕਾਂ ਨੂੰ ਸਮਰਪਿਤ ਹੋਵੇਗਾ।

## 'ਵਿਕਸਤ ਭਾਰਤ' ਦਾ ਟੀਚਾ ਮੁਸ਼ਕਲ ਲੱਗ ਸਕਦੈ, ਪਰ ਨਾਮੁਮਕਿਨ ਨਹੀਂ: ਮੋਦੀ



ਨਵੀਂ ਦਿੱਲੀ, 12 ਜਨਵਰੀ (ਜਸਵਿੰਦਰ ਸਿੰਘ ਬਿੱਟਾ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਜ਼ੋਰ ਦੇ ਕੇ ਆਖਿਆ ਕਿ ਭਾਰਤ ਦੀ ਨੌਜਵਾਨ ਆਬਾਦੀ ਦੀਆਂ ਯੋਗਤਾਵਾਂ ਦੇਸ਼ ਨੂੰ 2024 ਤੱਕ ਵਿਕਸਤ ਬਣਾਉਣ ਵਿਚ ਮਦਦਗਾਰ ਹੋਣਗੀਆਂ। ਸਵਾਮੀ ਵਿਵੇਕਾਨੰਦ ਦੀ ਜਨਮ ਵਰ੍ਹੇਗੰਢ ਨੂੰ ਸਮਰਪਿਤ 'ਵਿਕਸਤ ਭਾਰਤ ਯੰਗ ਲੀਡਰਜ਼' ਸੰਵਾਦ ਨੂੰ ਸੰਬੋਧਨ ਕਰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਕੁਝ ਲੋਕਾਂ ਨੂੰ ਭਾਰਤ ਦੇ ਵਿਕਸਤ ਹੋਣ ਦਾ ਟੀਚਾ ਮੁਸ਼ਕਲ ਲੱਗ ਸਕਦਾ ਹੈ, ਪਰ ਇਹ ਨਾਮੁਮਕਿਨ ਨਹੀਂ ਹੈ।

ਦੇਸ਼ ਦੀ ਨੌਜਵਾਨ ਆਬਾਦੀ ਦੀ ਤਾਕਤ ਅਤੇ ਗਿਣਤੀ ਨੂੰ ਉਜਾਗਰ ਕਰਦੇ ਹੋਏ ਉਨ੍ਹਾਂ ਕਿਹਾ ਕਿ ਜੇ 'ਵਿਕਸਤ ਭਾਰਤ' ਦੀ ਭਾਵਨਾ ਇਸ ਦੇ ਹਰ ਕਦਮ, ਨੀਤੀ ਅਤੇ ਫੈਸਲੇ ਦੀ ਅਗਵਾਈ ਕਰਦੀ ਹੈ ਤਾਂ ਕੋਈ ਵੀ ਸ਼ਕਤੀ ਭਾਰਤ ਨੂੰ ਵਿਕਸਤ ਦੇਸ਼ ਬਣਨ ਤੋਂ ਨਹੀਂ ਰੋਕ ਸਕਦੀ। ਉਨ੍ਹਾਂ ਕਿਹਾ, "ਦੇਸ਼ ਨੂੰ ਅੱਗੇ ਵਧਣ ਲਈ ਵੱਡੇ ਟੀਚੇ ਨਿਰਧਾਰਤ ਕਰਨੇ ਪੈਂਦੇ ਹਨਇਹੀ ਅੱਜ ਦਾ ਭਾਰਤ ਕਰ ਰਿਹਾ ਹੈ।" ਉਨ੍ਹਾਂ ਕਿਹਾ ਕਿ ਦੇਸ਼ ਅੱਜ ਸਮੇਂ ਤੋਂ ਪਹਿਲਾਂ ਵੱਖ-ਵੱਖ ਖੇਤਰਾਂ ਵਿੱਚ ਕਈ ਟੀਚਿਆਂ ਨੂੰ ਪੂਰਾ ਕਰ ਰਿਹਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਨੇ 2030 ਤੱਕ ਪੈਟਰੋਲ ਵਿੱਚ 20 ਪ੍ਰਤੀਸ਼ਤ ਈਥਾਨੌਲ ਮਿਲਾਉਣ ਦਾ ਟੀਚਾ ਰੱਖਿਆ ਹੈ ਅਤੇ ਇਸ ਤੋਂ ਪਹਿਲਾਂ ਹੀ ਇਹ ਟੀਚਾ ਪੂਰਾ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਇਕੱਲੀ ਦੇਸ਼ ਨੂੰ ਅੱਗੇ ਨਹੀਂ ਵਧਾ ਸਕਦੀ। ਉਨ੍ਹਾਂ ਦੇਸ਼ ਭਰ ਤੋਂ ਆਏ ਨੌਜਵਾਨਾਂ ਨੂੰ ਕਿਹਾ ਕਿ 'ਵਿਕਸਤ ਭਾਰਤ' ਵਿੱਚ ਮਾਲਕੀ ਇਕੱਲੇ ਮੋਦੀ ਦੀ ਨਹੀਂ ਸਗੋਂ ਉਨ੍ਹਾਂ ਦੀ ਵੀ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੇ ਵਿਚਾਰ ਦੇਸ਼ ਦੀਆਂ ਨੀਤੀਆਂ ਦਾ ਹਿੱਸਾ ਹੋਣਗੇ ਅਤੇ ਇਸ ਨੂੰ ਦਿਸ਼ਾ ਦੇਣਗੇ। ਸ੍ਰੀ ਮੋਦੀ ਨੇ ਕਿਹਾ ਕਿ ਦੇਸ਼ ਅਗਲੇ ਦਹਾਕੇ ਵਿੱਚ ਓਲੰਪਿਕ ਦੀ ਮੇਜ਼ਬਾਨੀ ਕਰਨ ਦੀ ਵੀ ਉਮੀਦ ਕਰਦਾ ਹੈ ਅਤੇ ਪੂਰੀ ਲਗਨ ਨਾਲ ਇਸ ਵੱਲ ਕੰਮ ਕਰ ਰਿਹਾ ਹੈ।






### ਜ਼ਰੂਰੀ ਸੂਚਨਾਂ

ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਆਪਣਾ ਰੋਜ਼ਾਨਾ ਅਖ਼ਬਾਰ ਸ਼ੁਰੂ ਕੀਤਾ ਗਿਆ ਹੈ,ਜਿਸ ਦਾ ਨਾਮ 'ਵਿਸਵ ਪੰਜਾਬੀ ਸਾਂਝ'ਰੱਖਿਆ ਗਿਆ ਹੈ। ਤੁਸੀ ਆਪਣੀਆਂ ਰਚਨਾਵਾਂ/ਕਹਾਣੀ/ ਲੇਖ ਜਾਂ ਸਾਹਿਤਕ ਕਿਰਤ ਛੱਪਣ ਲਈ ਭੇਜ ਸਕਦੇ ਹੋ।

ਲਿਖਤਾਂ ਭੇਜਣ ਲਈ ਈਮੇਲ ਪਤਾ
vishavPunjabisanjh@gmail.com

ਲੇਖਕ ਆਪਣਾ ਨਾਮ ਫੋਨ ਨੰਬਰ ਅਤੇ ਫੋਟੋ ਵੀ ਜਰੂਰ ਭੇਜਣ ਦੀ ਕ੍ਰਿਪਾਲਤਾ ਕਰੋਂ

ਨੋਟ : ਅਖ਼ਬਾਰ ਵਿੱਚ ਭੇਜੀਆ ਰਚਨਾਵਾਂ ਜਾਂ ਸਮੱਗਰੀ ਸਾਹਿਤਕ ਅਤੇ ਸੱਭਿਅਕ ਹੋਵੇ ਸਮਾਜ ਨੂੰ ਸੇਧ ਦੇਣ ਵਾਲੀ ਹੋਵੇ।

ਅਖ਼ਬਾਰ ਵਿੱਚ ਸ਼ਾਮਿਲ ਲਿਖਤਾਂ ਤੇ ਵਿਚਾਰਾਂ ਲਈ ਲੇਖਕ ਖੁਦ ਜਿੰਮੇਵਾਰ ਹੈ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ




### ਸੱਦਾ-ਪੱਤਰ

ਸੰਘੇ ਖ਼ਾਲਸਾ ਇੰਟਰਨੈਸ਼ਨਲ ਬਾਬਾ ਸ਼ਹੀਦਾਂ ਸੁਸਾਇਟੀ ਸਰੀ ਬੀ.ਸੀ. ਕਨੇਡਾ
ਸੰਘੇ ਖ਼ਾਲਸਾ ਓਵਰਸੀਜ਼ ਵੈਲਫੇਅਰ ਕਮੇਟੀ ਸੰਘੇ ਖ਼ਾਲਸਾ(ਰਜਿ.)
ਵੱਲੋਂ

**ਸਲਾਨਾ ਖੇਡ ਅਤੇ ਸਭਿੱਆਚਾਰਕ ਸਮਾਗਮ**

ਮਿਤੀ- 12-13-14 ਜਨਵਰੀ 2025 ਨੂੰ ਪਿੰਡ ਸੰਘੇ ਖ਼ਾਲਸਾ ਵਿਖੇ
ਖੇਡ-ਮੇਲਾ, ਮਿਤੀ- 12-13 ਜਨਵਰੀ 2025 ਦਿਨ ਐਤਵਾਰ ਅਤੇ ਸੋਮਵਾਰ
ਉਦਘਾਟਨ ਦੀ ਰਸਮ- ਸ੍ਰੀ ਮਤੀ ਇੰਦਰਜੀਤ ਕੌਰ ਮਾਨ ਐਮ.ਐੱਲ.ਏ ਹਲਕਾ ਨਕੋਦਰ ਕਰਨਗੇ।
ਵਿਸ਼ੇਸ਼ ਮਹਿਮਾਨ- ਸ. ਸੁੱਚਾ ਸਿੰਘ ਉਲੰਪੀਅਨ
ਕਰਾਸ-ਕੰਟਰੀ ਮੁਕਾਬਲੇ (ਸਵੇਰੇ 10:30 ਵਜੇ)
ਲੜਕੇ 10 ਕਿ.ਮੀ. ਅਤੇ ਲੜਕੀਆਂ 06 ਕਿ.ਮੀ. ਉਪਨ
ਅੰਡਰ 18 ਲੜਕੇ 06 ਕਿ.ਮੀ. ਅਤੇ ਲੜਕੀਆਂ 02 ਕਿ.ਮੀ. ਉਮਰ 16 ਸਾਲ
ਵਾਲੀਬਾਲ ਮੁਕਾਬਲੇ-ਪੁਰਸ਼ 08 ਟੀਮਾਂ (ਕੇਵਲ ਸੱਦੀਆਂ ਹੋਈਆਂ ਟੀਮਾਂ) ਅਤੇ ਲੜਕੀਆਂ ਉਪਨ ਵਰਗ
ਇਨਾਮਾਂ ਦੀ ਵੰਡ- ਮਿਤੀ 13 ਜਨਵਰੀ ਦਿਨ ਸੋਮਵਾਰ ਨੂੰ
ਸਮੂਹ ਗ੍ਰਾਮ ਪੰਚਾਇਤ ਸੰਘੇ ਖਾਲਸਾ ਅਤੇ ਸ.ਉਕਾਰ ਸਿੰਘ ਬਰਾੜ (ਡੀ.ਐੱਸ.ਪੀ)
ਵੱਲੋਂ ਦੁਪਹਿਰ 2:00 ਵਜੇ ਅਤੇ ਸ਼ਾਮ 3 ਤੋਂ 5 ਵਜੇ ਤੱਕ ਕਵੀ ਦਰਬਾਰ ਹੋਵੇਗਾ।
ਵਿਸ਼ੇਸ਼ ਮਹਿਮਾਨ:- ਸ. ਧਰਮਵੀਰ ਸਿੰਘ ਧੰਮੀ ਰਿਟਾਇਰਡ ਐੱਸ.ਪੀ

**14 ਜਨਵਰੀ 2025 ਦਿਨ ਮੰਗਲਵਾਰ**

ਭੋਗ ਸ੍ਰੀ ਅਖੰਡ ਪਾਠ (ਸਵੇਰੇ 10:00 ਵਜੇ) ਅਤੇ ਗੁਰੂ ਕਾ ਲੰਗਰ ਉਪਰੰਤ ਸਭਿਆਚਾਰਕ ਪ੍ਰੋਗਰਾਮ
ਪ੍ਰਧਾਨਗੀ-ਸ. ਕੁਲਵਿੰਦਰ ਸਿੰਘ ਸਰਾਏ ਰਿਟਾਇਰਡ (ਡੀ.ਈ.ਓ)
ਮੁੱਖ ਮਹਿਮਾਨ- ਹਰਭਜਨ ਸਿੰਘ (ਈ ਟੀ ਓ) ਮੰਤਰੀ ਪੰਜਾਬ ਸਰਕਾਰ ਬਿਜਲੀ ਵਿਭਾਗ
ਵਿਸ਼ੇਸ਼ ਮਹਿਮਾਨ- ਸ੍ਰੀ ਦੀਪਕ ਬਾਲੀ ਚੇਅਰਮੈਨ ਸਭਿਆਚਾਰਕ ਵਿਕਾਸ ਕਾਰਪੋਰੇਸ਼ਨ ਪੰਜਾਬ ਅਤੇ ਸ੍ਰੀ ਮਤੀ ਇੰਦਰਜੀਤ ਕੌਰ ਮਾਨ ਵਧਾਇਕ ਜਲਕਾ ਨਕੋਦਰ
ਲੇਖਕ ਆਤਮਜੀਤ ਦਾ ਨਾਟਕ "ਸਾਹਨੀ ਸੱਚ ਕਹਿੰਦਾ ਸੀ" ਨਿਰਦੇਸ਼ਕ ਅਨੀਤਾ ਸ਼ਬਦੀਸ਼ ਸੁਚੇਤਕ ਰੰਗਮੰਚ ਮੋਹਾਲੀ ਵੱਲੋਂ ਪੇਸ਼ ਕੀਤਾ ਜਾਵੇਗਾ ਅਤੇ ਮਦਰ ਪਰਾਈਡ ਇੰਟਰਨੈਸ਼ਨਲ ਪਬਲਿਕ ਸਕੂਲ (ਮਲਸੀਆਂ) ਦੇਵਿਦਿਆਰਥੀਆਂ ਵੱਲੋਂ ਗਿੱਧਾ ਅਤੇ ਭੰਗੜਾ ਪੇਸ਼ ਕੀਤਾ ਜਾਵੇਗਾ।
ਨੂਰਮਹਿਲ, ਰੁੜਕਾ ਅਤੇ ਨਕੋਦਰ ਬਲਾਕਾਂ ਦੇ ਹੁਸ਼ਿਆਰ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਜਾਣਗੇ।
ਸਟੇਜ ਦੀ ਕਾਰਵਾਈ ਡਾ: ਰਾਮ ਮੂਰਤੀ ਨਿਭਾਉਣਗੇ।
ਸਵ: ਸਤਨਾਮ ਸਿੰਘ ਰੰਧਾਵਾ ਯਾਦਗਾਰੀ ਅਵਾਰਡ
ਸ੍ਰੀ ਸੰਦੀਪ ਸਿੰਘ (ਨੈਸ਼ਨਲ ਖਿਡਾਰੀ) ਪੰਜਾਬ ਟੀਮ ਦੇ ਫੁੱਟਬਾਲ ਕੋਚ ਅਤੇ ਐਸ ਬੀਐਸ ਅਕੈਡਮੀ ਪੱਖੀ ਦਾ ਮਾਣ ਅਤੇ ਸ੍ਰੀ ਮਤੀ ਕੁਲਵਿੰਦਰ ਕੌਰ ਮੈਨੇਜਰ, ਸੀਨੀਅਰ ਵੋਮੈਨ ਪੰਜਾਬ ਫੁੱਟਬਾਲ ਟੀਮ ਨੂੰ ਦਿੱਤਾ ਜਾਵੇਗਾ।
ਉਡੀਕਵਾਨ:
ਸੰਘਾ ਅਤੇ ਰੰਧਾਵਾ ਪਰਿਵਾਰ (88725-00055)
ਸੂਬੇਦਾਰ ਰਤਨ ਸਿੰਘ ਸਾਬਕਾ ਸਰਪੰਚ (98727-46137)
ਨਰਿੰਦਰ ਸਿੰਘ (98726-02068)
ਸੋਢੀ ਸੰਘਾ (99140-87735)
ਹਰਜਿੰਦਰ ਢਿੱਲੋਂ (98143-10509)




# BRAMPTON CASH AND CARRY

| | |
|---|---|
| **WHOLESALER** | **IMPORTER** |
| **DISTRIBUTOR** | **RETAILER** |

**Wholesaler, Importer, Distributor & Retailer of Restaurants Supply**








BRAMPTON
CASH & CARRY

Brampton CashandCarry2023@gmail.com

**905-230-4800**

**100 Kennedy Road S., Brampton, ON L6W 3E7**

HURRY!

SPECIAL OFFER

BRAMPTON CASH & CARRY
Importer | Wholesaler | Retailer

WHITE ONION- 50 POUND

22 $




BUY NOW

T&C APPLY

100 Kennedy Rd S,
Brampton, ON L6W 3E7, Canada

905-230-4800

HURRY!

SPECIAL OFFER

BRAMPTON CASH & CARRY
Importer | Wholesaler | Retailer

BRAR BESAN SUPER FINE

9.99 $




BRAR SWEET CORN FLOUR




4.99 $

SHER WHITE WHOLE WHEAT ATTA

15.99 $




BUY NOW

T&C APPLY

100 Kennedy Rd S,
Brampton, ON L6W 3E7, Canada

905-230-4800



AAPKI PASAND AAPKA SWAAD
DURUM CHAKKI
ATTA
आटा
ਆਟਾ
Aapki PASAND
AAPKA SWAAD
Indian Style
DURUM
CHAKKI
ATTA
FARINE DE BLÉ
WHOLE WHEAT 100% BLÉ ENTIER
NET WT POIDS NET 9.07 KG (20 LB)
WEIGHT
20LB
PRICE
$9.99
BRAMPTON
CASH & CARRY
Importer | Wholesaler | Retailer
6HR
SOFTNESS
BEST FOR ROLLS, PARANTHAS. POORIS & HOTBREADS

GRAND OPENING

3643 PORTAGE RD, NIAGARA FALLS

CONTACT: +1 (416)700-9100

COMING SOON

BRAMPTON CASH AND CARRY

BRAMPTON CASH & CARRY
IMPORTER | WHOLESALER | RETAILER

BRAMPTON CASH & CARRY
Importer | Wholesaler | Retailer

OPEN EVERYDAY FROM
9:00 AM TO 9:00 PM


NEW YEAR WISHES 2025
BRAMPTON CASH & CARRY
Importer | Wholesaler | Retailer
NOW AVAILABLE
SHOPPING TROLLEYS
100 Kennedy Rd S,
Brampton, ON L6W 3E7, Canada
905-230-4800


NEW YEAR WISHES 2025
BRAMPTON CASH & CARRY
Importer | Wholesaler | Retailer
FESTIVITY AND OCCASION
PUNJABI VIRSA DECOR
100 Kennedy Rd S,
Brampton, ON L6W 3E7, Canada
905-230-4800


NEW YEAR WISHES 2025
BRAMPTON CASH & CARRY
Importer | Wholesaler | Retailer
NOW AVAILABLE
THANK YOU FOR SHOPPING
SHOPPING BASKETS
100 Kennedy Rd S,
Brampton, ON L6W 3E7, Canada
905-230-4800


JD WEB SERVICES
OUR SERVICES
GRAPHIC DESIGN
UI/UX DESIGN
WEB DESIGN
ANDROID APPS
WEB DEVELOPMENT
SOCIAL MEDIA PROMOTION
JASWINDER SINGH BITTA
+1 (647) 967-6630
JASHANDEEP SINGH
90416-19321
www.jdwebservices.com
OUR PRODUCTS
INVOICE
INVOICE MANAGEMENT SOFTWARE
VIEW DEMO
https://invoice-al.vercel.app/user panel/Userdashboard
ADVOC8
ADVOCATE'S DAILY DIARY
MANAGEMENT SOFTWARE
VIEW DEMO
https://advoc8.in
CAREER ENGINE
OUR COURSES
GRAPHIC & MOTION DESIGN
FULL STACK DEVELOPMENT
FLUTTER APP DEVELOPMENT
7 MONTHS
COURSE DURATION
$100/- USD
FEE PER MONTH
www.careerengine.in


Weight
10 Pond
Price
$5.99
BRAMPTON CASH & CARRY
BramptonCashandCarry2023@gmail.co
KENNEDY ROAD S., BRAMPTON ON L6W 3E7, CANADA
905-230-4800